**ਨਸਲੀ ਬਰਾਬਰਤਾ ਨੂੰ ਉਤਸ਼ਾਹਤ**
**ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ**

**ਹਾਂਗ ਕਾਂਗ ਉਤਪਾਦਕਤਾ ਪ੍ਰੀਸ਼ਦ**
**(ਹਾਂਗ ਕਾਂਗ ਪ੍ਰਾਡਕਟੀਵਿਟੀ ਕੌਂਸਲ)**

ਹਾਂਗਕਾਂਗ ਉਤਪਾਦਕਤਾ ਕੌਂਸਲ (HKPC) ਇੱਕ ਬਹੁ-ਅਨੁਸ਼ਾਸਨੀ ਸੰਸਥਾ ਹੈ ਜਿਸਨੂੰ 1967 ਵਿੱਚ ਕਾਨੂੰਨ ਦੁਆਰਾ ਸਥਾਪਤ ਕੀਤਾ ਗਿਆ, ਤਾਂ ਜੋ ਹਾਂਗਕਾਂਗ ਦੇ ਉੱਦਮਾਂ ਦੀ ਸਹਾਇਤਾ ਕਰਨ ਲਈ ਵਿਸ਼ਵ-ਪੱਧਰੀ ਉੱਨਤ ਤਕਨੀਕੀਆਂ ਅਤੇ ਨਵੀਨਤਾਕਾਰੀ ਸੇਵਾ ਪੇਸ਼ਕਸ਼ਾਂ ਦੀ ਅਣਥੱਕ ਮੁਹਿੰਮ ਰਾਹੀਂ ਉਤਪਾਦਕਤਾ ਦੀ ਉੱਤਮਤਾ ਨੂੰ ਉਤਸ਼ਾਹਤ ਕੀਤਾ ਜਾ ਸਕੇ। HKPC ਹਾਂਗਕਾਂਗ ਦੀਆਂ ਨਵੀਆਂ ਉਤਪਾਦਕ ਤਾਕਤਾਂ ਨੂੰ ਸੁਵਿਧਾਜਨਕ ਬਣਾਉਣ ਦੇ ਨਾਲ-ਨਾਲ ਹਾਂਗਕਾਂਗ ਨੂੰ ਇੱਕ ਅੰਤਰਰਾਸ਼ਟਰੀ ਨਵੀਨਤਾ ਅਤੇ ਤਕਨੀਕੀ ਹੱਬ ਤੇ ਇੱਕ ਸਮਾਰਟ ਸਿਟੀ ਬਣਨ ਲਈ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੌਂਸਲ ਹਾਂਗਕਾਂਗ ਦੇ ਉਦਯੋਗਾਂ ਅਤੇ ਉੱਦਮਾਂ ਲਈ ਵਿਆਪਕ ਨਵੀਨਤਾਕਾਰੀ ਹੱਲ ਪੇਸ਼ ਕਰਦੀ ਹੈ, ਜੋ ਉਨ੍ਹਾਂ ਨੂੰ ਸਰੋਤਾਂ ਅਤੇ ਉਤਪਾਦਕਤਾ ਦੀ ਵਰਤੋਂ, ਪ੍ਰਭਾਵਸ਼ੀਲਤਾ ਅਤੇ ਲਾਗਤ ਘਟਾਉਣ, ਅਤੇ ਸਥਾਨਕ ਅਤੇ ਵਿਦੇਸ਼ੀ ਬਾਜ਼ਾਰ ਦੋਵਾਂ ਵਿੱਚ ਮੁਕਾਬਲੇਬਾਜ਼ੀ ਨੂੰ ਵਧਾਉਣ ਦੇ ਯੋਗ ਬਣਾਉਂਦੀ ਹੈ।

ਸਬੰਧਿਤ ਸੇਵਾਵਾਂ

- ਉਤਪਾਦ ਨਵੀਨਤਾ, ਤਕਨੀਕੀ ਟ੍ਰਾਂਸਫਰ, ਅਤੇ ਵਪਾਰੀਕਰਨ ਨੂੰ ਪ੍ਰਾਪਤ ਕਰਨ ਲਈ, ਉਦਯੋਗ ਨੂੰ ਤਕਨਾਲੋਜੀਕਲ ਅਤੇ ਪ੍ਰਬੰਧਨ ਸਲਾਹ ਮਸ਼ਵਰਾ ਸੇਵਾਵਾਂ ਦੇ ਨਾਲ ਨਾਲ ਸਿਖਲਾਈ ਪ੍ਰਦਾਨ ਕਰਦਾ ਹੈ ਅਤੇ ਸਰਕਾਰੀ ਫੰਡਿੰਗ ਸਕੀਮਾਂ ਲਈ ਸਕੱਤਰੇਤ ਸੇਵਾ ਦੀ ਪੇਸ਼ਕਸ਼ ਕਰਦਾ ਹੈ।

ਮੌਜੂਦਾ ਉਪਾਅ

- ਸੇਵਾ ਸਪੁਰਦਗੀ
  - ਜਿਥੇ ਲਾਗੂ ਹੋਵੇ HKPC ਦੀ ਸਲਾਹ-ਮਸ਼ਵਰਾ, ਅਤੇ ਸਿਖਲਾਈ ਅਤੇ ਸਕੱਤਰੇਤ ਦੀਆਂ ਸੇਵਾਵਾਂ, ਆਦਿ ਅੰਗਰੇਜ਼ੀ ਅਤੇ / ਜਾਂ ਚੀਨੀ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।
- ਜਾਣਕਾਰੀ ਸੰਚਾਰ:
  - HKPC ਦੀ ਵੈੱਬਸਾਈਟ 'ਤੇ ਆਮ ਲੋਕਾਂ ਦੀ ਸਮਝ ਨੂੰ ਸੌਖਾ ਕਰਨ ਲਈ ਕਾਰਪੋਰੇਸ਼ਨ ਜਾਣਕਾਰੀ ਅਤੇ ਸੇਵਾਵਾਂ ਦੋ ਭਾਸ਼ਾਵਾਂ (ਅੰਗਰੇਜ਼ੀ ਅਤੇ / ਜਾਂ ਚੀਨੀ) ਵਿੱਚ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ।
  - ਜਿੱਥੇ ਲਾਗੂ ਹੋਵੇ ਈਮੇਲਾਂ ਜਾਂ ਫ਼ੋਨਾਂ ਰਾਹੀਂ ਜਨਤਕ ਪੁੱਛ-ਗਿੱਛ ਅੰਗਰੇਜ਼ੀ ਅਤੇ / ਜਾਂ ਚੀਨੀ ਵਿੱਚ ਸੰਭਾਲੀਆਂ ਜਾਂਦੀਆਂ ਹਨ।
- ਸਟਾਫ ਦੀ ਸਿਖਲਾਈ:
  - ਸਮਾਨ ਮੌਕੇ ਕਮੀਸ਼ਨ ਨਾਲ ਆਯੋਜਿਤ ਸਮੇਂ-ਸਮੇਂ ਤੇ ਸਿਖਲਾਈ ਦੇ ਜ਼ਰੀਏ ਨਸਲੀ ਸੰਵੇਦਨਸ਼ੀਲਤਾ, ਸਭਿਆਚਾਰਕ ਵਿਭਿੰਨਤਾ ਅਤੇ ਨਸਲੀ ਵਿਤਕਰੇ ਸੰਬੰਧੀ ਆਰਡੀਨੈਂਸ (RDO) ਦੀ ਸਮਝ ਲਈ ਸਟਾਫ ਦੀ ਜਾਗਰੂਕਤਾ ਨੂੰ ਵਧਾਉਣਾ।

ਭਵਿੱਖ ਦੇ ਕੰਮ ਦਾ

- HKPC ਮੌਜੂਦਾ ਉਪਾਵਾਂ ਨੂੰ ਲਾਗੂ ਕਰਨਾ ਜਾਰੀ ਰੱਖੇਗੀ, ਅਤੇ ਜਾਤੀ ਦੇ ਸੰਬੰਧ ਵਿੱਚ

| | |
|---|---|
| ਮੁਲਾਂਕਣ | ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਨਿਯਮਤ ਤੌਰ 'ਤੇ ਇਸ ਦੀ ਸੇਵਾ ਸਪੁਰਦਗੀ ਦਾ ਮੁਲਾਂਕਣ ਕਰੇਗੀ, ਅਤੇ ਜਿੱਥੇ ਜ਼ਰੂਰੀ ਹੋਏ ਸੁਧਾਰ ਕਰੇਗੀ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | ● HKPC ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਸੇਵਾਵਾਂ ਅਤੇ ਉਪਾਵਾਂ ਨੂੰ ਲਾਗੂ ਕਰਨ ਸਮੇਂ ਆਮ ਜਨਤਾ ਤੱਕ ਸੇਵਾਵਾਂ ਜਾਂ ਜਾਣਕਾਰੀ ਦੀ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਨਸਲੀ ਸਮੂਹਾਂ ਦੀਆਂ ਜਰੂਰਤਾਂ ਦੀ ਪਾਲਣਾ ਕਰਨਾ ਜਾਰੀ ਰੱਖੇਗੀ। |

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਰਾਹੀਂ HKPC ਨਾਲ ਸੰਪਰਕ ਕਰੋ -


| | | |
|---|---|---|
| ਟੈਲੀਫੋਨ ਨੰ. | : | (852) 2788 5678 |
| ਫੈਕਸ ਨੰ. | : | (852) 2788 5900 |
| ਈਮੇਲ | : | hkpcenq@hkpc.org |
| ਡਾਕ ਲਈ ਪਤਾ | : | HKPC Building, 78 Tat Chee Avenue, Kowloon |


**ਹਾਂਗ ਕਾਂਗ ਉਤਪਾਦਕਤਾ ਪ੍ਰੀਸ਼ਦ**
**ਮਈ 2024**